
# ਗੁਰੂ ਨਾਨਕ ਦੇਵ ਜੀ ਤੇ ਸੰਗੀਤ



ਡਾ. ਜਾਗੀਰ ਸਿੰਘ

ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ।
ਜਿਨਹੁ ਸੁਣਿਆ ਦੇਖਿਆ,
ਜਿਨਹੁ ਗੁਰੂ ਬਾਬੇ ਕਾ ਸਬਦੁ ਬਿਗਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।

(ਮਿਹਰਬਾਨ)

# ਗੁਰੂ ਨਾਨਕ ਦੇਵ ਜੀ ਤੇ ਸੰਗੀਤ

ਜਾਗੀਰ ਸਿੰਘ (ਡਾ.)

Gurbani/Music/Sikh Religion/Sikh Music Tradition

# Guru Nanak Dev Ji Te Sangeet

*by*

**Jagir Singh (Dr.)**

2007

Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
Punjabi Bhawan, Ludhiana, 98154 71219
*visit us at : www.unistarbooks.com*
*email:info@unistarbooks.com*
*email:sales@unistarbooks.com*
*email:editorial@unistarbooks.com*
Type Setting & Design PCIS
Printed & bound at Jai Offset Printers, Chandigarh
Ph: 0172-2640382

© *2007*

All rights reserved

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


ਭੂਮਿਕਾ 7

- ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ 9
- ਗੁਰੂ ਨਾਨਕ ਦੇਵ ਤੇ ਸੰਗੀਤ: ਬਾਣੀ ਪਰਿਪੇਖ 25
- ਗੁਰੂ ਨਾਨਕ ਦੇਵ ਤੇ ਸੰਗੀਤ : ਰਾਗ ਪ੍ਰਬੰਧ 39
- ਗੁਰੂ ਨਾਨਕ ਬਾਣੀ ਅਤੇ ਰਾਗ : ਭਾਵ ਮੂਲਕ ਸੁਮੇਲ 47
- ਗੁਰੂ ਨਾਨਕ ਬਾਣੀ : ਕਾਵਿ ਰੂਪ ਅਤੇ ਗਾਇਨ ਸ਼ੈਲੀਆਂ 96
- ਗੁਰੂ ਨਾਨਕ ਬਾਣੀ ਅਤੇ ਸੰਗੀਤ :ਸੰਚਾਰ ਪ੍ਰਯੋਜਨ 134

ਪੁਸਤਕ ਸੂਚੀ 155

# ਭੂਮਿਕਾ

ਗੁਰਮਤਿ ਸੰਗੀਤ ਦੀ ਕਿਰਿਆਤਮਕ ਮੁੜ ਸਥਾਪਤੀ ਅਤੇ ਅਕਾਦਮਿਕ ਅਧਿਐਨ ਸਬੰਧੀ ਅਜਕਲ ਵਿਸ਼ਿਸ਼ਟ ਜਤਨ ਅਰੰਭੇ ਗਏ ਹਨ। ਇਸੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੇ ਨਿਕਟ ਅਧਿਐਨ ਦੇ ਨਾਲ ਨਾਲ ਗੁਰਮਤਿ ਸੰਗੀਤ ਦੇ ਸਰੋਤ ਮੂਲਕ ਪਰਿਪੇਖਾਂ ਸਬੰਧੀ ਚਰਚਾ ਦੀ ਅਵਸ਼ਕਤਾ ਰਹੀ ਹੈ। ਹਥਲੀ ਪੁਸਤਕ ਇਸੇ ਪ੍ਰਯੋਜਨ ਦੀ ਸਿਧੀ ਲਈ ਕੀਤੇ ਜਾ ਰਹੇ ਪ੍ਰਯਤਨਾਂ ਦਾ ਹੀ ਇੱਕ ਹਿੱਸਾ ਹੈ।

ਇਸ ਪੁਸਤਕ ਵਿੱਚ ਗੁਰਮਤਿ ਸੰਗੀਤ ਦੀ ਸਥਾਪਤੀ ਦੀ ਪਿੱਠ ਭੂਮੀ ਵਜੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਰੋਤਾਂ ਦਾ ਨਿਕਟ ਅਧਿਐਨ ਕਰਦਿਆਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਨਾਲ ਸਬੰਧਤ ਸੰਗੀਤਕ ਤੱਤਾਂ ਅਤੇ ਤੱਥਾਂ ਦਾ ਅਧਿਐਨ ਕਰਨ ਦਾ ਜਤਨ ਕੀਤਾ ਗਿਆ ਹੈ। ਇੱਥੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਵਿਭਿੰਨ ਜਨਮ ਸਾਖੀਆਂ ਵਿੱਚੋ ਗੁਰੂ ਨਾਨਕ ਦੇਵ ਜੀ ਦੇ ਸੰਗੀਤਕ ਲਗਾਓ ਦਾ ਜ਼ਿਕਰ ਕੀਤਾ ਗਿਆ ਹੈ, ਨਾਲ ਹੀ ਗੁਰੂ ਜੀ ਨਾਲ ਸਬੰਧਤ ਉਹਨਾਂ ਵਿਅਕਤੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਹਨਾਂ ਨੇ ਗੁਰਮਤਿ ਸੰਗੀਤ ਦੀ ਸਥਾਪਤੀ ਲਈ ਅਰੰਭਕ ਯੋਗਦਾਨ ਪਾਇਆ।

ਗੁਰੂ ਨਾਨਕ ਦੇਵ ਜੀ ਦੁਆਰਾ ਵਿਸ਼ੇਸ਼ ਪ੍ਰਯੋਜਨ ਹਿਤ ਸੰਗੀਤ ਦੀ ਵਰਤੋਂ ਦੇ ਸੰਕੇਤ ਗੁਰੂ ਨਾਨਕ ਬਾਣੀ ਵਿੱਚੋਂ ਅਨੇਕ ਥਾਂਈਂ ਪ੍ਰਾਪਤ ਹਨ। ਇਸ ਸੰਦਰਭ ਵਿੱਚ ਬਾਣੀ ਵਿੱਚੋਂ ਪ੍ਰਾਪਤ ਸੰਗੀਤਕ ਹਵਾਲਿਆਂ ਦਾ ਵਿਸਤਰਿਤ ਅਧਿਐਨ ਕਰਨ ਦਾ ਜਤਨ ਵੀ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਵਿੱਚ ਪ੍ਰਯੁਕਤ ਰਾਗਾਂ ਅਤੇ ਭਾਰਤੀ ਸੰਗੀਤ ਪਰੰਪਰਾ ਦਾ ਅਧਿਐਨ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਨੇ ਗੁਰਮਿਤ ਸੰਗੀਤ ਨੂੰ ਇੱਕ ਵਿਸ਼ਸ਼ਟ ਸੰਗੀਤ ਪ੍ਰਬੰਧ ਵਜੋਂ ਸਥਾਪਤ ਕੀਤਾ। ਇਸ ਪੁਸਤਕ ਵਿੱਚ ਗੁਰੂ ਨਾਨਕ ਦੇਵ ਜੀ ਦੇ ਰਾਗ ਪ੍ਰਬੰਧ ਦਾ ਅਧਿਐਨ ਕਰਦਿਆਂ ਵਰਤੇ ਗਏ ਵਿਭਿੰਨ ਰਾਗਾਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ।

ਗੁਰੂ ਨਾਨਕ ਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਬਾਣੀ ਦੇ ਭਾਵਾਂ ਦੇ ਅਨੁਕੂਲ ਹੀ ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਇਸ ਪੁਸਤਕ ਵਿੱਚ ਗੁਰੂ ਨਾਨਕ ਬਾਣੀ ਦੇ ਅਧਿਐਨ ਦੇ ਨਾਲ ਨਾਲ ਪ੍ਰਯੁਕਤ ਰਾਗਾਂ ਦਾ ਅਧਿਐਨ ਕਰਦਿਆਂ ਰਾਗ ਅਤੇ ਬਾਣੀ ਦੀ ਭਾਵਮੂਲਕ ਸੁਮੇਲਤਾ ਦੀ ਸਥਾਪਤੀ ਦਾ ਵਰਣਨ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਵਿੱਚ ਸੁਯੋਗ ਸੰਚਾਰ ਦੇ ਪ੍ਰਯੋਜਨ ਹਿਤ ਜਿਥੇ ਵਿਭਿੰਨ ਪ੍ਰਚਲਤ ਕਾਵਿ ਰੂਪਾਂ ਦੀ

ਵਰਤੋਂ ਕੀਤੀ ਗਈ ਮਿਲਦੀ ਹੈ ਉੱਥੇ ਇਹਨਾਂ ਕਾਵਿ ਰੂਪਾਂ ਦੇ ਅਨੁਸਾਰੀ ਵਿਭਿੰਨ ਸਗੀਤਕ ਸ਼ੈਲੀਆਂ ਦਾ ਸਫਲ ਪ੍ਰਯੋਗ ਵੀ ਕੀਤਾ ਮਿਲਦਾ ਹੈ। ਪੰਜਵੇਂ ਅਧਿਆਇ ਵਿੱਚ ਕੀਤਾ ਗਿਆ ਅਧਿਐਨ ਇਸੇ ਸਥਾਪਨਾ ਦੀ ਹੀ ਪੁਸ਼ਟੀ ਕਰਦਾ ਹੈ।

ਗੁਰੂ ਨਾਨਕ ਬਾਣੀ ਦੀ ਸਿਰਜਣਾ ਇੱਕ ਵਿਸ਼ੇਸ਼ ਅਧਿਆਤਮਕ - ਸਮਾਜਕ ਪ੍ਰਯੋਜਨ ਹਿਤ ਹੋਈ ਹੈ। ਉਸੇ ਪ੍ਰਯੋਜਨ ਦੀ ਪੂਰਤੀ ਲਈ ਸੰਗੀਤ ਇੱਕ ਸਫਲ ਸੰਚਾਰੀ ਮਾਧਿਅਮ ਵਜੋਂ ਪੇਸ਼ ਹੁੰਦਾ ਹੈ। ਇਸੇ ਕਰਕੇ ਇੱਥੇ ਬਾਣੀ ਸਿਰਜਣ ਪ੍ਰਯੋਜਨ ਦੇ ਨਾਲ ਨਾਲ ਸੰਗੀਤਕ ਪ੍ਰਯੋਗ ਦੇ ਵਿਲੱਖਣ ਪ੍ਰਯੋਜਨ ਦਾ ਅਧਿਐਨ ਕੀਤਾ ਗਿਆ ਹੈ।

ਪੁਸਤਕ ਵਿੱਚ ਦਿਤੀਆਂ ਗਈਆਂ ਗੁਰਬਾਣੀ ਦੀਆਂ ਤੁਕਾਂ ਦੇ ਨਾਲ ਰਾਗ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ ਦਾ ਹਵਾਲਾ ਦਿੱਤਾ ਗਿਆ ਹੈ। ਆਪਣੀਆਂ ਕੁੱਲ ਸੀਮਾਵਾਂ ਸਮੇਤ ਪੁਸਤਕ ਪਾਠਕਾਂ ਦੀ ਨਜ਼ਰ ਹੈ।

ਜਾਗੀਰ ਸਿੰਘ (ਡਾ.)

# ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ

ਗੁਰਮਤਿ ਸੰਗੀਤ ਉਸ ਸੰਗੀਤ ਨੂੰ ਕਿਹਾ ਜਾਂਦਾ ਹੈ ਜਿਹੜਾ ਵਿਵਹਾਰਕ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਅੰਦਰ ਬਿਆਨ ਕੀਤੇ ਸੰਗੀਤ ਨਿਰਦੇਸ਼ਾਂ ਉੱਤੇ ਅਧਾਰਤ ਹੈ। ਗੁਰੂ ਗ੍ਰੰਥ ਸਾਹਿਬ ਜਿਸ ਨੂੰ ਗੁਰਮਤਿ ਦਾ ਸੋਮਾ ਕਿਹਾ ਜਾਂਦਾ ਹੈ ਮੂਲ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦੇ ਮਤ ਉਪਰ ਅਧਾਰਤ ਹੈ।

ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਅਧਿਆਤਮਕ ਪਰੰਪਰਾ ਵਿੱਚ ਜਿਹੜੇ ਸਿਧਾਂਤ ਦਾ ਨਿਰੂਪਣ ਕੀਤਾ ਹੈ ਉਸ ਨੂੰ ਗੁਰਮਤਿ ਕਿਹਾ ਜਾਂਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਆਪਣੇ ਤੋਂ ਪੂਰਬਵਰਤੀ ਅਤੇ ਪਿਠਵਰਤੀ ਗੁਰਮਤਿ ਅਨੁਸਾਰੀ ਮਨੀਸ਼ੀਆਂ ਦੇ ਕੇਂਦਰ ਵਿੱਚ ਹਨ। ਗੁਰੂ ਨਾਨਕ ਦੇਵ ਜੀ ਦੇ ਮੱਤ ਦੀ ਕਸਵੱਟੀ ਉੱਤੇ ਪਰਖ ਕੇ ਹੀ ਪੂਰਬਕਾਲੀ ਅਧਿਆਤਮਕ ਕਵੀਆਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਮਿਲਿਆ ਅਤੇ ਗੁਰੂ ਨਾਨਕ ਮੱਤ ਦੇ ਮਾਰਗ ਦਰਸ਼ਨ ਵਿੱਚ ਹੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵਾਲੇ ਬਾਣੀਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਪ੍ਰਾਪਤ ਹੋਇਆ। ਇਸ ਲਈ ਗੁਰੂ ਨਾਨਕ ਦੇਵ ਜੀ ਗੁਰਮਤਿ ਦੇ ਮੋਢੀ ਹਨ। ਗੁਰੂ ਨਾਨਕ ਦੇਵ ਜੀ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਸੰਗੀਤਮਈ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਹੀ ਗੁਰਮਤਿ ਸੰਗੀਤ ਦੇ ਮੋਢੀ ਜਾਂ ਸੰਸਥਾਪਕ ਕਹਿਣਾ ਉਚਿਤ ਹੋਵੇਗਾ।

ਗੁਰੂ ਨਾਨਕ ਦੇਵ ਜੀ ਨੇ ਸਰਬ ਲੁਕਾਈ ਦਾ ਉਧਾਰ ਕਰਨ ਲਈ ਚਾਰ ਉਦਾਸੀਆਂ ਭਾਵ ਆਪਣੀਆਂ ਯਾਤਰਾਵਾਂ ਕੀਤੀਆਂ। ਇਹਨਾਂ ਉਦਾਸੀਆਂ ਸਮੇਂ ਉਹਨਾਂ ਦਾ ਮਨੋਰਥ ਵੱਖ ਵੱਖ ਸਥਾਨਾਂ ਦੇ ਲੋਕਾਂ ਤੱਕ ਆਪਣਾਂ ਸੰਦੇਸ਼ ਪਹੁੰਚਾਉਣਾਂ ਸੀ। ਉਹ ਲੋਕ ਕਿਉਂਕਿ ਵਖਰੇ ਵਖਰੇ ਸਭਿਆਚਾਰਾਂ ਨਾਲ ਸੰਬੰਧਤ ਸਨ ਇਸ ਲਈ ਉਹਨਾਂ ਨੂੰ ਇਸ ਸੰਦੇਸ਼ ਦਾ ਸੰਚਾਰ ਕਰਨ ਹਿਤ ਕੋਈ ਸਰਬ ਸਾਂਝੀ ਜੁਗਤ ਅਪਨਾਉਣ ਦੀ ਲੋੜ ਮਹਿਸੂਸ ਹੋਈ। ਇਹ ਜੁਗਤ ਸੰਗੀਤ ਅਤੇ ਗੁਰਬਾਣੀ ਦਾ ਸੁਮੇਲ ਸੀ।

## ਇਤਿਹਾਸਕ ਪਰਿਪੇਖ

ਗੁਰੂ ਨਾਨਕ ਦੇਵ ਜੀ ਬਾਰੇ ਰਚਿਤ ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਗੁਰਮਤਿ ਸੰਗੀਤ ਸਦਾ ਅੰਗ ਸੰਗ ਰਿਹਾ। ਉਹਨਾਂ ਦੇ ਜੀਵਨ ਦੇ ਸਮਾਚਾਰਾਂ ਦੇ ਪ੍ਰਮੁਖ ਸਰੋਤ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮ ਸਾਖੀਆਂ ਦੇ ਅਨੇਕ ਪ੍ਰਸੰਗ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਗੁਰੂ ਸਾਹਿਬ ਲਈ ਗੁਰਮਤਿ ਸੰਗੀਤ

ਵਿਸ਼ੇਸ਼ ਮਹੱਤਤਾ ਰੱਖਦਾ ਸੀ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਵਾਰ ਦੀਆਂ ਪਉੜੀਆਂ ਵਿੱਚ ਦੱਸਿਆ ਹੈ ਕਿ ਗੁਰੂ ਸਾਹਿਬ ਜਦੋਂ ਸਿੱਧਾਂ ਨੂੰ ਮਿਲਦੇ ਹਨ ਤਾਂ ਚਰਚਾ ਵਿੱਚ ਉਹਨਾਂ ਨੂੰ ਸਪਸ਼ਟ ਕਰਦੇ ਹਨ ਉਹਨਾਂ ਕੋਲ ਕੋਈ ਹੋਰ ਕਰਾਮਾਤ ਨਹੀਂ ਸਗੋਂ ਉਹ ਤਾਂ ਬਾਣੀ ਅਤੇ ਸੰਗਤ ਦਾ ਆਸਰਾ ਲੈਂਦੇ ਹਨ:

***ਗੁਰ ਸੰਗਤਿ ਬਾਣੀ ਬਿਨ ਦੂਜੀ ਓਟ ਨਹੀਂ ਹਹਿ ਰਾਈ॥***

*(ਵਾਰ 1 ਪਉੜੀ 42)*

ਭਾਈ ਸਾਹਿਬ ਦਸਦੇ ਹਨ ਕਿ ਸ਼ਬਦ ਦੀ ਜੁਗਤ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਸਿਧ ਮੰਡਲੀ ਉਪਰ ਵਿਜੈ ਪ੍ਰਾਪਤ ਕੀਤੀ।

***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ॥***

*(ਵਾਰ 1, ਪਉੜੀ 31)*

ਜਿਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁਖ ਕਰਮ ਹੁੰਦਾ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

***ਘਰਿ ਘਰਿ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ॥***

*(ਵਾਰ 1, ਪਉੜੀ 27)*

ਇਸ ਤਰ੍ਹਾਂ ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ ਕੀਰਤਨ ਦਾ ਮੁੱਖ ਸਥਾਨ ਸੀ।

ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੇ ਵਿਚਾਰ ਬਾਣੀ ਗਾਇਨ ਰਾਹੀਂ ਪ੍ਰਗਟ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ[1] ਵਿੱਚ **ਪਟੀ, ਪਾਂਧਾ ਨਾਮਕ** ਸਾਖੀ ਵਿੱਚ ਰਾਗ ਆਸਾ ਵਿੱਚ ਪਟੀ ਉਚਾਰਨ ਦਾ ਹਵਾਲਾ ਮਿਲਦਾ ਹੈ। ਇਸ ਸਾਖੀ ਵਿੱਚ ਪੱਟੀ ਨੂੰ ਆਦਿ ਬਾਣੀ ਆਖਿਆ ਗਿਆ ਹੈ- **ਤਬ ਪਾਂਧੇ ਪਟੀ ਲਿਖ ਦਿੱਤੀ, ਅੱਖਰਾਂ ਪੈਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧ ਆਦਿ ਬਾਣੀ ਹੋਈ :- ਰਾਗ ਆਸਾ ਮਹਲਾ ੧ ਪਟੀ ਲਿਖੀ।**

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥***

*(ਆਸਾ ਮਹਲਾ ੧ ਪਟੀ ਲਿਖੀ, ਪੰਨਾ 432)*

**ਇਸੇ ਸਾਖੀ[2] ਵਿੱਚ ਸਿਰੀ ਰਾਗ ਵਿੱਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ-**

**ਤਬ ਗੁਰੂ ਨਾਨਕ ਇਕ ਸਬਦ ਉਠਾਇਆ:-**

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***

*(ਸਿਰੀ ਰਾਗ ਮਹਲਾ ੧ , ਪੰਨਾ 16)*

ਪਰਮੇਸ਼ਰ ਦੇ ਗੁਣ ਗਾਇਨ ਕਰਨ ਦੀ ਧੁਨ ਗੁਰੂ ਸਾਹਿਬ ਨੂੰ ਹਰ ਵੇਲੇ ਰਹਿੰਦੀ ਸੀ। ਇੱਥੋਂ ਤਕ ਕਿ ਜਦੋਂ ਉਹਨਾਂ ਦਾ ਵਿਆਹ ਸੀ ਉਦੋਂ ਵੀ ਉਹ ਸ਼ਬਦ ਗਾਇਨ ਕਰਨ ਲੱਗ ਪਏ। ਮਿਹਰਬਾਨ ਵਾਲੀ ਜਨਮ ਸਾਖੀ[3] ਵਿੱਚ ਇਹ ਪ੍ਰਸੰਗ ਬੜੇ ਰੌਚਕ ਢੰਗ ਨਾਲ ਬਿਆਨ ਕੀਤਾ ਹੈ:

**ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਜੀ ਉਨ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ," ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ।" ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲਿ ਉਠਾ, ਸੂਹੀ ਰਾਗ ਮਹਿ ਸਿਫਤੀ ਛੰਤੁ ਜਿ–**

***ਹਮ ਘਰਿ ਸਾਜਨ ਆਏ॥***
***ਸਾਚੈ ਮੇਲਿ ਮਿਲਾਏ॥***

*(ਸੂਹੀ ਛੰਤ ਮਹਲਾ ੧, ਪੰਨਾ 764)*

**-------ਤਬ ਇਸਤਰੀਅਹੁ ਤਣੀ ਛੁਹਾਈ। ਆਪਣਾ ਅਚਾਰ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ–**

***ਆਵਹੁ ਸਜਨਾ ਹਉ ਦੇਖਾ ਦਰਸ਼ਨ ਤੇਰਾ ਰਾਮ॥***

*(ਸੂਹੀ ਛੰਤ ਮਹਲਾ ੧, ਪੰਨਾ 764)*

**ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨੁ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ। ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਆਗੈ ਗੁਰੂ ਬਾਬਾ ਨਾਨਕੁ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨਹੁ ਸੁਣਿਆ ਦੇਖਿਆ, ਜਿਨਹੁ ਗੁਰੂ ਬਾਬੇ ਕਾ ਸਬਦੁ ਬਿਗਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।**

ਗੁਰੂ ਜੀ ਤਲਵੰਡੀ ਤੋਂ ਸੁਲਤਾਨ ਪੁਰ ਗਏ ਤਾਂ ਉਨ੍ਹਾਂ ਉਥੇ ਮੋਦੀਖਾਨੇ ਵਿਚ ਨੌਕਰੀ ਕਰਦਿਆਂ ਹੋਇਆਂ ਵੀ ਬਾਣੀ ਅਤੇ ਸੰਗੀਤ ਦੇ ਸੰਗਮ, ਕੀਰਤਨ-ਪ੍ਰਵਾਹ ਨੂੰ ਜਾਰੀ ਰਖਿਆ। ਵਲਾਇਤ ਵਾਲੀ ਜਨਮ ਸਾਖੀ[4] ਅਨੁਸਾਰ ਗੁਰੂ ਸਾਹਿਬ ਹਰ ਰੋਜ਼ ਰਾਤ ਨੂੰ ਕੀਰਤਨ ਕਰਦੇ ਸਨ।, "***ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੇ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾਪ੍ਰਤੀ ਰਾਤ ਕਉ ਕੀਰਤਨ ਹੋਵੇ।***

ਮਿਹਰਬਾਨ ਵਾਲੀ ਜਨਮ ਸਾਖੀ[5] ਵਿੱਚ ਵੀ ਰਾਤ ਦਿਨ ਕੀਰਤਨ ਦਾ ਜ਼ਿਕਰ ਹੋਇਆ ਹੈ–"**ਆਪਿ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ-ਕਰਾਇ ਅਰੁ ਪਿਛੁਲੀ ਰਾਤਿ ਨਾਵਣਿ ਜਾਇ। ਨਾਇ ਕਰਿ ਦਰਿਆਇ ਉਪਰਿ ਸਿਮਰਨੁ ਕੀਰਤਨੁ ਕਰੈ।"**

ਕੀਰਤਨ ਕਰਨਾ ਗੁਰੂ ਸਾਹਿਬ ਦਾ ਨਿੱਤ ਨੇਮ ਸੀ। ਜੇ ਕਿਸੇ ਦਿਨ ਕੀਰਤਨ ਨਾ ਕਰ ਸਕਦੇ ਤਾਂ ਆਪ ਨਮੋਸ਼ੀ ਮਹਿਸੂਸ ਕਰਦੇ ਸਨ। ਇਸ ਗੱਲ ਦੀ ਪੁਸ਼ਟੀ ਮਿਹਰਬਾਨ ਵਾਲੀ ਜਨਮ ਸਾਖੀ ਵਿੱਚੋਂ ਹੁੰਦੀ ਹੈ। **ਨਿਤ ਦਾ ਨੇਮ**[6] ਨਾਮਕ ਸਾਖੀ ਵਿੱਚ ਲਿਖਿਆ ਹੈ-

**ਤਬ ਰਸੋਈਐ ਕਹਿਆ ਜਿ, " ਬਾਬਾ ਨਾਨਕੁ ਜੀ! ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ।" ਤਬ ਗੁਰੂ ਬਾਬੇ ਨਾਨਕ ਕਹਿਆ ਜੇ, " ਸੁਆਮੀ ਜੀ! ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ।" ਕਹੈ, " ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਂਦਾ, ਹੁਣੁ ਜੇਵਿ ਕਰਿ ਸੰਵਿ ਰਹੀਐ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ , " ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ? ਜੇਵਿ ਕਰਿ ਕੀਰਤਨੁ ਕਰੀਐ।"**

ਇਸ ਤਰ੍ਹਾਂ ਕੀਰਤਨ ਗੁਰੂ ਸਾਹਿਬ ਦੇ ਜੀਵਨ ਦਾ ਇਤਨਾ ਮਹੱਤਵਪੂਰਨ ਹਿੱਸਾ ਬਣ ਚੁਕਾ ਸੀ ਕਿ ਕੀਰਤਨ ਕੀਤੇ ਬਿਨਾਂ ਉਹ ਰੋਟੀ ਵੀ ਨਹੀਂ ਸੀ ਖਾਂਦੇ।

ਗੁਰੂ ਨਾਨਕ ਦੇਵ ਜੀ ਦੁਆਰਾ ਮਰਦਾਨੇ ਨਾਲ ਰਲ ਕੇ ਬਾਣੀ ਦਾ ਕੀਰਤਨ ਕਰਨ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ। ਮੋਦੀਖਾਨੇ ਦਾ ਤਿਆਗ ਕਰਨ ਸਮੇਂ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਸਬੰਧੀ ਅਪ ਸ਼ਬਦ ਆਖੇ। ਪਰ ਗੁਰੂ ਸਾਹਿਬ ਨੇ ਇਸ ਦਾ ਉੱਤਰ ਬਾਣੀ ਗਾਇਨ ਰਾਹੀਂ ਦਿੱਤਾ। ਵਲਾਇਤ ਵਾਲੀ ਜਨਮ ਸਾਖੀ[7] ਵਿੱਚ ਲਿਖਿਆ ਹੈ- ***ਤਬਿ ਗੁਰੂ ਨਾਨਕ ਕਹਿਆ, ਮਰਦਾਨਿਆ! ਰਬਾਬ ਵਜਾਇ। ਤਾਂ ਮਰਦਾਨੇ ਰਬਾਬ ਵਜਾਇਆ, ਰਾਗੁ ਮਾਰੂ ਕੀਤਾ, ਬਾਬੈ ਸਬਦ ਉਠਾਇਆ:-***

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 991)*

ਇਸੇ ਜਨਮ ਸਾਖੀ ਵਿੱਚ ਸੁਲਤਾਨ ਪੁਰ ਵਿਖੇ ਫਕੀਰਾਂ[8] ਨੂੰ ਉਪਦੇਸ਼ ਦੇਣ ਸਬੰਧੀ ਲਿਖਿਆ ਹੈ: ***ਮਰਦਾਨਿਆਂ ਰਬਾਬੁ ਵਜਾਇ। ਤਬਿ ਮਰਦਾਨੇ ਰਬਾਬੁ ਵਜਾਇਆ, ਰਾਗ ਤਿਲੰਗੁ ਕੀਤਾ, ਬਾਬੇ ਸਬਦੁ ਉਠਾਇਆ-***

***ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਇ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 722)*

ਇਸੇ ਜਨਮ ਸਾਖੀ ਵਿੱਚ ਸੱਜਣ ਠੱਗ ਦਾ ਨਿਸਤਾਰਾ ਵਾਲੀ ਸਾਖੀ[9] ਵਿੱਚ ਲਿਖਿਆ ਹੈ: **ਤਉ ਬਾਬੇ ਆਖਿਆ, ਮਰਦਾਨਿਆ! ਰਬਾਬ ਵਜਾਇ!! ਤਾਂ ਮਰਦਾਨੇ ਰਬਾਬੁ ਵਜਾਇਆ। ਰਾਗੁ ਸੂਹੀ ਕੀਤੀ। ਗੁਰੂ ਨਾਨਕ ਸਬਦੁ ਉਠਾਇਆ :-**

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 729)*

ਇਸੇ ਜਨਮ ਸਾਖੀ ਵਿੱਚ ਬਨਾਰਸ ਵਿਚ ਚਤੁਰ ਦਾਸ ਵਾਲੀ ਸਾਖੀ[10] ਵਿੱਚ ਲਿਖਿਆ ਹੈ: ਤਬ ਬਾਬੇ ਆਖਿਆ : **ਮਰਦਾਨਿਆ! ਰਬਾਬ ਵਜਾਇ, ਤਾਂ ਮਰਦਾਨੇ ਰਬਾਬੁ ਵਜਾਇਆ। ਰਾਗ ਬਸੰਤ ਕੀਤਾ ਬਾਬੇ ਸਬਦੁ ਉਠਾਇਆ-**

***ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 1171)*

ਗੁਰੂ ਸਾਹਿਬ ਸਰੋਤੇ ਦੀ ਮਾਨਸਿਕ ਅਵਸਥਾ ਅਨੁਸਾਰ ਰਾਗ ਅਤੇ ਬਾਣੀ ਦਾ ਗਾਇਨ ਕਰਦੇ ਸਨ। ਜਦੋਂ ਆਪ ਸ਼ੇਖ ਬ੍ਰਹਮ ਕੋਲ ਪੁਜਦੇ ਹਨ ਤਾਂ ਉਸ ਦੀ ਇੱਛਾ ਅਨੁਸਾਰ ਵਿਸ਼ੇਸ਼ ਰਾਗ ਵਿੱਚ ਵਿਸ਼ੇਸ਼ ਬਾਣੀ ਦਾ ਗਾਇਨ ਕਰਦੇ ਹਨ। ਭਾਈ ਮਨੀ ਸਿੰਘ ਜੀ ਇਸ ਬਾਰੇ ਇਕ ਸਾਖੀ ਵਿੱਚ ਲਿਖਦੇ ਹਨ- **ਫਿਰ ਸੇਖ ਬ੍ਰਹਮ ਕਹਿਆ ਕਿ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇਂ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋਂ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਹਮਾਰੇ ਸਭੀ ਰਾਗ ਹੈਂ ਅਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।**[11]

ਇਸੇ ਤਰ੍ਹਾਂ ਹੀ ਵਖ ਵਖ ਸਾਖੀਆਂ ਵਿੱਚ ਮਰਦਾਨੇ ਦੇ ਰਬਾਬ ਵਜਾਉਣ ਅਤੇ ਗੁਰੂ ਜੀ ਦੁਆਰਾ ਵਖ ਵਖ ਰਾਗਾਂ ਵਿੱਚ ਸ਼ਬਦ ਗਾਇਨ ਕਰਨ ਬਾਰੇ ਉਲੇਖ ਮਿਲਦੇ ਹਨ। ਜਿਵੇਂ, ਵਣਜਾਰਿਆਂ ਦੇ ਟਾਂਡੇ[12], ਨੂਰ ਸ਼ਾਹ ਦਾ ਨਿਸਤਾਰਾ[13], ਮਾਤਾ ਪਿਤਾ ਜੀ ਨਾਲ ਮੇਲ[14], ਸੇਖ ਬ੍ਰਿਹਮ ਨਾਲ ਗੋਸ਼ਟ[15], ਕੋਹੜੀ ਫਕੀਰ ਦਾ ਨਿਸਤਾਰਾ[16], ਕਿੜੀਆਂ ਪਠਾਣਾਂ ਦੀਆਂ[17], ਗੋਸ਼ਟ ਮੀਆ ਮਿੱਠਾ[18], ਦੁਨੀ ਚੰਦ ਦਾ ਨਿਸਤਾਰਾ[19] ਆਦਿ ਸਾਖੀਆਂ ਵਿੱਚ ਮਰਦਾਨੇ ਵੱਲੋਂ ਵੱਖ ਵੱਖ ਰਾਗਾਂ ਵਿੱਚ ਰਬਾਬ ਵਜਾਉਣ ਅਤੇ ਗੁਰੂ ਨਾਨਕ ਦੇਵ ਜੀ ਦੇ ਉਸੇ ਰਾਗ ਵਿੱਚ ਸ਼ਬਦ ਗਾਇਨ ਕਰਨ ਦਾ ਜ਼ਿਕਰ ਮਿਲਦਾ ਹੈ।

ਵਲਾਇਤ ਵਾਲੀ ਜਨਮ ਸਾਖੀ ਦੀ ਆਖਰੀ ਸਾਖੀ[20] ਜੋਤੀ ਜੋਤ ਸਮਾਉਣਾ ਵਿੱਚ ਸ਼ਬਦ ਗਾਇਨ ਲਈ ਕੀਰਤਨ ਸ਼ਬਦ ਦਾ ਪ੍ਰਯੋਗ ਹੋਇਆ ਹੈ- **ਤਬ ਬਾਬੈ ਸੰਗਤਿ ਨੂੰ ਹੁਕਮੁ ਕੀਤਾ, ਕੀਰਤਨ ਪੜ੍ਹਹੁ। ਤਬ ਸੰਗਤਿ ਲਗੀ ਕੀਰਤਨ ਪੜਣਿ:-**

***ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 12)*

**ਧਨਾਸਰੀ ਰਾਗ ਹੋਯਾ, ਆਰਤੀ ਗਾਵੀ। ਤਿਤ ਮਹਲਿ ਕੀਰਤਨੁ ਹੋਆ ਸਬਦ ਤਬ ਸਲੋਕ ਪੜਿਆ:-**

***ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥---***

*(ਗੁਰੂ ਗ੍ਰੰਥ ਸਾਹਿਬ, ਪੰਨਾ 8)*

ਆਪਣੀਆਂ ਯਾਤਰਾਵਾਂ ਸਮੇਂ ਗੁਰੂ ਜੀ ਨੇ ਗੁਰਮਤਿ ਸੰਗੀਤ ਦੀ ਭਰਪੂਰ ਵਰਤੋਂ ਕੀਤੀ। ਆਪ ਮਰਦਾਨੇ ਨਾਲ ਵੱਖ ਵੱਖ ਰਾਗਾਂ ਬਾਰੇ ਚਰਚਾ ਕਰਦੇ ਸਨ ਅਤੇ ਰਾਗਾਂ ਦੀਆਂ ਬਾਰੀਕੀਆਂ ਦਾ ਵਰਣਨ ਕਰਦੇ ਸਨ। ਇਹਨਾਂ ਚਰਚਾਵਾਂ ਤੋਂ ਅਸੀਂ ਅੱਜ ਗੁਰਮਤਿ ਸੰਗੀਤ ਦੇ ਅਹਿਮ ਨੁਕਤਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ, ਮਿਹਰਬਾਨ ਵਾਲੀ ਜਨਮ ਸਾਖੀ[21] ਵਿੱਚ ਸੁਰਾਸ਼ਟ੍ਰ ਵਿਖੇ ਸੋਰਠ ਰਾਗ ਦੀ ਮਹੱਤਤਾ ਦਰਸਾਉਣ ਵਾਲੀ ਸਾਖੀ ਲਿਖੀ ਹੈ- **ਤਬ ਗੁਰੂ ਬਾਬੇ ਨਾਨਕ ਜੀ ਕਹਿ ਜਿ, ਮਰਦਾਨਿਆ, ਕਰੁ ਦਿਖਾ, ਸੋਰਠਿ ਰਾਗੁ। ਤਬ ਮਰਦਾਨੇ ਸੋਰਠਿ ਰਾਗ ਕਿਆ ਖੁਸ਼ੀ ਹੋਇ ਕਰਿ। ਮਰਦਾਨੇ ਜਿ ਸੋਰਠਿ ਅਲਾਪੀ ਅਰੁ ਬਾਬਾ ਜੀ ਖੁਸੀ ਭਇਆ। ਤਬ ਗੁਰੂ ਬਾਬੇ ਨਾਨਕ ਪਹਿ ਮਰਦਾਨੇ ਕਹਿਆ ਜਿ, ਰਾਗ ਤਾਂ ਸਭਿ ਭਲੇ ਹੈਨਿ ਪਣੁ ਜੀ ਸੋਰਠਿ ਰਾਗ ਸਭਨਾ ਰਾਗਾਂ ਮਹਿ ਖਰਾ ਸੋਹਾਵਣਾ ਰਾਗੁ ਹੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਮਰਦਾਨਿਆ, ਤੂੰ ਜਾਣਦਾ ਹੈਂ ਸੋਰਠਿ ਰਾਗ ਕਿਤੁ ਸੋਹਾਵਣਾ ਲਗਦਾ ਹੈ? ਕਹੈ, ਜੀ, ਨਾਹੀ ਜਾਣਦਾ ਜਿਉ ਹੈ, ਤਿਉਂ ਕਹਿ ਸੁਣਾਈਐ। ਤਬ ਗੁਰੂ ਬਾਬੇ ਨਾਨਕ ਜੀ ਬਾਣੀ ਬੋਲੀ ਸਲੋਕੁ ਜਿਃ-**

***ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 642)*

**ਤਬ ਮਰਦਾਨਾ ਗੁਰੂ ਬਾਬੇ ਨਾਨਕ ਜੀ ਕੀ ਚਰਨੀ ਲਾਗਾ, ਕਹਣੇ ਲਾਗਾ, ਸੇ ਐਸੇ ਰਾਗ ਤੂੰ ਹੈ ਕਰਹਿ, ਤੁਮ ਹੀ ਤੇ ਐਸਾ ਰਾਗੁ ਹੋਇ ਜੀ, ਹੋਰੁ ਕਵਣੁ ਕਰਿ ਸਕੈ?**

ਮਿਹਰਬਾਨ ਵਾਲੀ ਜਨਮ ਸਾਖੀ ਦੀ ਦੂਜੀ ਜਿਲਦ ਵਿੱਚ ਅਸਲੀ ਅਤੇ ਨਕਲੀ ਸ਼ਰਧਾ ਨਾਲ ਕੀਰਤਨ ਕਰਨ ਨੂੰ ਦਰਸਾਉਣ ਵਾਲੀ ਇੱਕ ਸਾਖੀ **ਅੰਗਦ ਜੀ ਦੀ ਰਾਹੀਂ ਮਿਹਰ**[22] ਮਿਲਦੀ ਹੈਃ-

**ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿਃ-**

***ਗਾਵਹਿ ਗੀਤੇ ਚੀਤਿ ਅਨੀਤੇ॥***
***ਰਾਗ ਸੁਣਾਇ ਕਹਾਵਹਿ ਬੀਤੇ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 414)*

ਗੁਰੂ ਨਾਨਕ ਦੇਵ ਜੀ ਵੇਲੇ ਕੀਰਤਨ ਕਰਨ ਅਤੇ ਸੁਨਣ ਦੀ ਮਹੱਤਤਾ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ। ਕੀਰਤਨ ਦੀ ਮਹੱਤਤਾ ਬਾਰੇ ਸਿੱਖਾਂ ਦੀ ਭਗਤਮਾਲਾ[23] ਵਿਚ 'ਮਾਲੋ ਅਤੇ ਮਾਂਗਾ' ਦੋਂ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

***'ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।"***

ਕੀਰਤਨ ਦੀ ਮਹੱਤਤਾ ਬਾਰੇ ਇੱਕ ਹੋਰ ਸਾਖੀ ਵਿੱਚ ਕੀਰਤਨ ਕਰਨ ਵਾਲਿਆਂ ਬਾਰੇ ਹੀ ਨਹੀਂ ਸਗੋਂ ਸਰੋਤਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ:

***ਇਕ ਰਾਗ ਰਾਗਨੀਆਂ ਸਮਝਦੇ ਹੈਨ॥ ਇਕ ਸੁਰ ਨੂੰ ਸਮਝਦੇ ਹੈਨ॥ ਇਕ ਸਾਜ ਨੂੰ ਸਮਝਦੇ ਹੈਨ॥ ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ॥ ਤੁਮ ਵਡੇ ਸ੍ਰੋਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।*** [24]

ਇਸ ਸਾਖੀ ਵਿਚ ਜਿਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ

ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ ਜੋ ਗੁਰਮਤਿ ਸੰਗੀਤ ਦੀ ਇੱਕ ਵਿਸ਼ੇਸ਼ਤਾ ਹੈ।

ਸੰਗੀਤ ਨੂੰ ਵਿਵਹਾਰਕ ਰੂਪ ਵਿੱਚ ਪ੍ਰਚਲਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਥੀ ਭਾਈ ਮਰਦਾਨਾ ਜੀ ਨੂੰ ਚੁਣਿਆ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ ਸੀ, ਉਹ ਅਨਿਨ ਸੇਵਕ ਹੋਣ ਦੇ ਨਾਲ ਨਾਲ ਇਕ ਰਬਾਬੀ ਵੀ ਸੀ। ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਦੇ ਨੇੜੇ ਰਹਿ ਕੇ ਗੁਜਾਰਿਆ ਉਤਨਾ ਸਮਾਂ ਗੁਰੂ ਸਾਹਿਬ ਦੇ ਨਿਕਟ ਰਹਿਣ ਦਾ ਹੋਰ ਕਿਸੇ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ।

ਭਾਈ ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਣ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :

***ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ॥***

*(ਭਾਈ ਗੁਰਦਾਸ, ਵਾਰ 2, ਪਉੜੀ 13)*

ਭਾਈ ਬਾਲੇ ਵਾਲੀ ਜਨਮ ਸਾਖੀ[25] ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਤਾਰ ਦਾ ਗੁਣ ਦਿੱਤਾ ਸੀ। ਗੁਰੂ ਸਾਹਿਬ ਦੇ ਵਿਆਹ ਸਮੇਂ ਦਾ ਪ੍ਰਸੰਗ ਇਸ ਜਨਮ ਸਾਖੀ ਵਿੱਚ ਇੰਜ ਬਿਆਨ ਕੀਤਾ ਹੈ-

**ਵਿਦਾ ਹੋਵਣਿ ਲਗੇ ਤਾਂ ਮਰਦਾਨੇ ਡੂਮਿ ਆਖਿਆ ਨਾਨਕ ਜੀ ਕੁਝ ਅਸਾਨੂ ਆਪਣੀ ਵਲੋਂ ਦੇਹਿ। ਤਾਂ ਨਾਨਕ ਜੀ ਕਹਿਆ ਆਖੁ ਮਰਦਾਨਾ ਕਿਆ ਲੈਨਾ ਹੈ। ਅਸਾਂ ਤੇਰੇ ਨਾਲਿ ਕੰਮ ਹੈ। ਮਰਦਾਨੇ ਕਹਿਆ ਮੈਨੂੰ ਕਾਈ ਭਲੀ ਵਸਤ ਦੇਹਿ। ਤਾਂ ਨਾਨਕ ਜੀ ਕਹਿਆ ਭਲੀ ਵਸਤੂ ਤੇ ਰੰਜੁ ਹੋਸੀ। ਮਰਦਾਨੇ ਕਹਿਆ ਜੀ ਤੂ ਭਲੀ ਵਸਤੂ ਦੇਹਿਗਾ ਤਾਂ ਮੈ ਕਿਉ ਰੰਜੁ ਹੋਵਾਂਗਾ, ਤਾਂ ਨਾਨਕ ਜੀ ਆਖਿਆ ਤੁਸੀਂ ਮਿਰਾਸੀ ਹੋ। ਤੁਸੀਂ ਖੋਟੇ ਪੈਸੇ ਅਤੇ ਕਪੜੇ ਉਤੇ ਖੁਸੀ ਹੋਂਦੇ ਹਹੁ। ਅਗਲੀ ਗਲਿ ਜਾਣਦੇ ਨਾਹੀ। ਮਰਦਾਨੇ ਕਹਿਆ ਜੀ ਕਾਈ ਭਲੀ ਵਸਤ ਤੂ ਜਾਣਦਾ ਹੈ ਸਾਈ ਦੇਹਿ। ਨਾਨਕ ਜੀ ਕਹਿਆ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ। ਏਹੁ ਅਸਾਨੂੰ ਲੋੜੀਦਾ ਆਹਾ। ਤਾਂ ਮਰਦਾਨੇ ਉਠਿ ਕੈ ਤਾਜੀਮ ਕੀਤੀ। ਫਿਰਿ ਨਾਨਕ ਜੀ ਗਲੋਂ ਚੋਲਣਾ ਲਾਹਿ ਕੈ ਮਰਦਾਨੇ ਦੇ ਗਲਿ ਪਾਇਆ। ਅਤੇ ਮਰਦਾਨੇ ਨੂੰ ਆਖਿਆ ਮਰਦਾਨਿਆ ਇਕ ਅਸਾਡਾ ਬਚਨ ਮੰਨ। ਮਰਦਾਨੇ ਆਖਿਆ ਜੀ ਫੁਰਮਾਈਐ। ਮਰਦਾਨਾ ਤੂੰ ਵੇਦੀਆਂ ਦਾ ਮਿਰਾਸੀ ਹਹਿ ਹੋਰਸ ਥੇ ਨਾਹੀਂ ਮੰਗਣਾ। ਮਰਦਾਨੇ ਕਹਿਆ ਭਲਾ ਜੀ ਤੁਸੀਂ ਅਸਾਡੀ ਸਾਰ ਵਿਚਿ ਰਹਹੁ। ਤਾਂ ਨਾਨਕ ਜੀ ਕਹਿਆ ਮਰਦਾਨਾ ਕਰਤਾਰ ਸਭਨਾ ਦੀ ਸਾਰ ਵਿਚਿ ਹੈ।**

ਜਦੋਂ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਮਰਦਾਨਾ ਜੀ ਵੀ ਨਾਲ ਹੀ ਆ ਗਏ। ਇਥੇ ਉਹ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਸਮੇਂ ਰਬਾਬ ਵਜਾਉਂਦੇ। ਮਰਦਾਨਾ ਜੀ ਨੂੰ ਆਪਣੇ ਨਾਲ ਰੱਖਣ ਸੰਬੰਧੀ ਘਟਨਾ ਭਾਈ

ਮਨੀ ਸਿੰਘ ਵਾਲੀ ਜਨਮ ਸਾਖੀ[26] ਵਿੱਚ ਇੰਜ ਲਿਖੀ ਹੈ- **ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ।**

ਇਸ ਤਰ੍ਹਾਂ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹਿਣ ਲੱਗ ਪਿਆ। ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰਾਂ ਵਿੱਚ ਮਰਦਾਨੇ ਦੀ ਅਹਿਮ ਭੂਮਿਕਾ ਹੈ। ਗੁਰਮਤ ਦੇ ਰੱਹਸਾਂ ਨੂੰ ਸਮਝਣ ਸਮਝਉਣ ਹਿਤ ਉਹ ਇੱਕ ਵਿਸ਼ੇਸ਼ ਵਿਅਕਤੀ ਵਜੋਂ ਨਜ਼ਰ ਆਉਂਦਾ ਹੈ।

ਜਿਹੜਾ ਰਬਾਬ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਵਜਾਇਆ ਉਸ ਦੀ ਪ੍ਰਾਪਤੀ ਦੀ ਸਾਖੀ ਬੜੀ ਭਾਵਪੂਰਤ ਹੈ ਇਹ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ[27] ਵਿੱਚ ਲਿਖੀ ਹੈ। ਇਸ ਦੇ ਕੁਝ ਅੰਸ਼ ਦੇਣੇ ਉਚਿਤ ਹੋਣਗੇ-

**---ਨਾਨਕ ਆਖਿਆ ਮਰਦਾਨਿਆ ਤਾਰ ਵਜਾਉ। ਮਰਦਾਨੇ ਆਖਿਆ ਜੀ ਮੈ ਤਾਰਿ ਕਦੀ ਨਾਹੀ ਵਜਾਈ। ਨਾਨਕ ਆਖਿਆ, ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ ਸੀ। ਸੋ ਕਿਥੇ ਘਤਿਓ? ਮਰਦਾਨੇ ਕਹਿਆ, ਜੀ ਮੈ ਤਾ ਵੇਚਿ ਨਾਹੀ ਖਾਧਾ। ਜਿਥੈ ਰਖਿਆ ਹੈ ਤਿਥਉ ਪਇਆ ਹੋਗਾ। ਨਾਨਕ ਕਹਿਆ ਵਜਾਇ ਮਰਦਾਨਾ। ਮਰਦਾਨੇ ਪਾਸਿ ਰਬਾਬ ਨਾਹਾ। ਮਰਦਾਨੇ ਹੁਕਮੁ ਮੰਨਿਆ, ਮਰਦਾਨਾ ਸਹਰ ਵਿਚਿ ਆਇਆ। ਆਇ ਕਰਿ ਲਗਾ ਕੋਈ ਢਾਢੀ ਟੋਲਣ। ਦੇਖੇ ਤਾਂ ਹਿਕੁ ਡੂਮਿ ਦਾ ਹਿਕਸੁ ਪਠਾਣ ਅਗੇ ਬੈਠਾ ਗਾਵਦਾ ਹੇ ਅਤੇ ਮੰਝੋਲਾ ਰਬਾਬ ਹਥਿ ਵਜਾਂਵਦਾ ਹੈ। ਮਰਦਾਨੇ ਉਸ ਨੂੰ ਦੁਆਇ ਸਲਾਮ ਦਿਤੋਸੁ। ਤਿਚਰਾਂ ਪਠਾਣ ਉਠਿ ਖੜਾ ਹੋਇਆ, ਤਾਂ ਮਰਦਾਨੇ ਉਸ ਨੋ ਆਖਿਆ ਚਲ ਭਾਈ ਮਿਰਾਸੀ। ਹਿਕ ਬੰਦਾ ਖੁਦਾਇ ਦਾ ਤੈਨੂੰ ਸਦਦਾ ਹੈ। ਓਹੁ ਮਿਰਾਸੀ ਉਠਿ ਖੜਾ ਹੋਇਆ। ---- ਮਰਦਾਨਾ ਲੈ ਕਰਿ ਉਸ ਨੂੰ ਨਾਨਕ ਪਾਸ ਆਇ ਬੈਠਾ। ਉਸ ਨੂੰ ਆਖਿਓਸੁ ਭਾਈ ਵਜਾਉ। ਗੁਰੂ ਨਾਨਕ ਦੀ ਸਮਾਧ ਲਗੀ ਹੋਈ ਆਹੀ। ਜਾਂ ਉਸ ਡੁਮੇਟੇ ਤਾਰ ਵਜਾਈ ਤਾਂ ਨਾਨਕ ਅਖੀਆਂ ਖੋਲੀਆਂ ਆਖਿਓਸੁ, ਵੋ ਮਰਦਾਨਾ ਤੂੰ ਵਜਾਇ। ਮਰਦਾਨੇ ਹੁਕਮੁ ਮੰਨਿਆ। ਮਰਦਾਨਾ ਤਾਰ ਵਜਾਇ ਨਾ ਸਾ ਜਾਣਦਾ ਮਰਦਾਨਾ ਲਗਾ ਵਜਾਵਣ। ਮਰਦਾਨੇ ਇਜੇਹੀ ਤਾਰਿ ਵਜਾਈ ਜੋ ਜੰਗਲ ਦੇ ਮਿਰਗਿ ਬਿਸੁਧੁ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ ਅਤੇ ਮਰਦਾਨਾ ਆਪਣੇ ਜੀ ਵਿਚਿ ਬਹੁਤ ਰਾਜੀ ਹੋਆ, ਜਾਣੇ ਜੋ ਮੈਂ ਤਾਂ ਵਜਾਇ ਨਾਹਾ ਜਾਣਦਾ ਅਤੇ ਉਹੁ ਢਾਢੀ ਹੈਰਾਨੁ ਹੋਇ ਗਇਆ ਮੈਂ ਵਡੇ ਵਡੇ ਡਿਠੇ ਆਹਾ ਪਰ ਇਹ ਗੁਣ ਕਿਸੇ ਵਿਚ ਨਹੀਂ ਡਿਠਾ।----ਫਿਰ ਗੁਰੂ ਨਾਨਕ ਆਖਿਆ ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਆਖਿਆ, ਜੀ ਤੰਬੂਰਾ ਲਈਏ**

**ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਢਾਢਿ ਅਤੇ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜਰੂਰਤ ਕਰਾਂਵਦੀ ਹੈ। ਜਾਇ ਕਰਿ ਬੇਬੇ ਜੀ ਪਾਸਿ ਆਖੁ ਜੋ ਬੇਬੇ ਜੀ ਨਾਨਕ ਕਹਿਆ ਤਉ ਉਤੇ ਸੁਆਲ ਕੀਤਾ ਹੈ ਜੇ ਮੰਨੇ ਤਾਂ ਆਖਾ ਅਤੇ ਨਾ ਮੰਨੇ ਤਾਂ ਨਾਹੀ ਆਖਿਦਾ। ਜੇ ਮੰਨਿਓ ਸੁ ਤਾ ਆਖੇ ਜੋ ਹਿਕੁ ਅਸਾਨੂ ਰਬਾਬ ਲੈ ਦੇ। --ਤਾਂ ਢਾਢੀ ਕਹਿਆ ਜੀ ਏਹੁ ਰਬਾਬ ਹਾਜਰ ਹੈ। ਫਿਰਿ ਗੁਰੂ ਨਾਨਕ ਕਹਿਆ ਭਾਈ ਢਾਢੀ ਅਸਾਨੂ ਪਹੁਚਿਆ ਤੈ ਦਿਤਾ। ਪਰੁ ਏਹੁ ਅਸਾਡੇ ਕੰਮ ਦਾ ਨਾਹੀ। ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਇਆ।------ ਮਰਦਾਨੇ ਆਖਿਆ ਜੀ ਹਿਕ ਰਬਾਬ ਜਿਤਨੇ ਤੋ ਮਿਲੇ ਤਿਤਨੇ ਤੋ ਲੈ ਦੇਉ। ਨਾਨਕੀ ਆਖਿਆ ਹਿਕੁ ਕਿਆ ਸਉ।------ਨਾਨਕੀ ਆਖਿਆ, ਭਾਈ ਮਰਦਾਨਾ, ਜੇਹਾ ਤੇਰੀ ਖੁਸੀ ਆਵੈ ਤੇਹੋ ਲਐ। ਮੁਲ ਦਾ ਸਰਫਾ ਨ ਕਰ।**

ਕਈ ਦਿਨ ਮਰਦਾਨਾ ਰਬਾਬ ਲਭਦਾ ਰਿਹਾ ਪਰ ਕਿਤੋਂ ਉਸ ਨੂੰ ਰਬਾਬ ਨਹੀਂ ਮਿਲੀ। ਫਿਰ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਉਹ ਫਿਰੰਦੇ ਰਬਾਬੀ ਦੇ ਪਿੰਡ ਪੁਜਦਾ ਹੈ। ਫਿਰੰਦੇ ਨਾਲ ਮੇਲ ਵਾਲੀ ਘਟਨਾ ਵੀ ਅਲੌਕਿਕ ਹੈ।

**----ਤਾਂ ਤੀਜੇ ਦਿਨ ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ। ਆ ਕਰਿ ਲਗਾ ਪੁਛਣ ਕਉਣ ਭਾਈ ਤੂੰ ਕਿਸਨੋ ਟੋਲਦਾ ਹੇ। ਮਰਦਾਨੇ ਆਖਿਆ ਜੀ ਇਥੇ ਹਿਕੁ ਰਬਾਬੀ ਹੈ ਅਤੇ ਨਾਲੇ ਫੇਰੂ ਆਖਦੇ ਹੈਨਿ। ਫਿਰੰਦੇ ਆਖਿਆ ਤੇਰਾ ਨਾਉ ਕਿਆ ਹੈ ਤੂੰ ਹੁੰਦਾ ਕਉਣ ਹੈ ਤੂ ਭੇਜਿਆ ਕਿਸੁ ਹੈਂ। ਅਤੇ ਤੇਰਾ ਵਤਨ ਕਉਣ ਹੈ। ਤਾਂ ਮਰਦਾਨੇ ਕਹਿਆ ਮੇਰਾ ਵਤਨ ਰਾਇ ਭੋਈ ਦੀ ਤਲਵੰਡੀ ਹੈ ਨਾਉ ਮਰਦਾਨਾ ਹੈ। ਭੇਜਿਆ ਨਾਨਕ ਵੇਦੀ ਫਕੀਰ ਹੁਕਮੁ ਰਬਾਬੁ ਲੈਣ ਵਾਸਤੇ। ਫਿਰੰਦੇ ਆਖਿਆ ਫਿਰੰਦਾ ਫੇਰੂ ਹੋਵੇਗਾ। ਅਤੇ ਤੁਹਾਨੂੰ ਨਾਨਕ ਵੇਦੀ ਮਹੀ ਥੇ ਘਲਿਆ ਹੈ। ਅਤੇ ਰਬਾਬੁ ਭੀ ਮੈਥੇ ਹੈ। ਅਤੇ ਨਾਨਕ ਵੇਦੀ ਮੇਰਾ ਚਿਰੋਕਣਾ ਅਸਨਾਉ ਹੈ। ਮਰਦਾਨੇ ਆਖਿਆ ਜੀ ਰਬਾਬੁ ਮੈਨੂੰ ਦੇਵੋ। ਫਿਰੰਦੇ ਆਖਿਆ ਸੁਣਿ ਮਰਦਾਨਾ ਲੇ ਰਬਾਬੁ। ਫਿਰੰਦਾ ਨ ਜਾਣੀਏ ਰਬਾਬੁ ਕਿਥੋਂ ਲੈ ਆਇਆ। ਜਾ ਮਰਦਾਨੇ ਦੇਖੇ ਤਾਂ ਕਿਆ ਦੇਖੇ ਰਬਾਬੁ ਕੁਦਰਤੀ ਹੈ ਮਰਦਾਨੇ ਆਖਿਆ ਜੀ ਮੁਲ ਕਹੁ। ਫਿਰੰਦੇ ਆਖਿਆ ਮਰਦਾਨੇ ਤੇਰੇ ਪਾਸਿ ਇਸ ਰਬਾਬ ਦਾ ਮੁਲ ਨਾਹੀ, ਇਸ ਦਾ ਮੁਲ ਅਸਾ ਲੈਣਾ ਭੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲਗੀ ਭਾਈ ਏਹੁ ਕਉਣੁ। ਮਰਦਾਨਾ ਰਹਿ ਨ ਸਕਿਆ, ਆਖਿਓਸੁ ਜੀ ਏਸ ਦਾ ਮੁਲ ਤੁਸਾਂ ਕਿਉ ਨਾਹੀ ਲੈਣਾ। ਫਿਰੰਦੇ ਆਖਿਆ ਏਹੁ ਰਬਾਬੁ ਅਸਾਨੂ ਕੁਦਰਤਿ ਨਾਲ ਹਥਿ ਆਇਆ ਹੈ। ਅਵਾਜ ਏਸ ਦੀ ਏਹੀ ਨਿਕਲੀ ਜੋ ਫਿਰੰਦਾ ਏਹੁ ਰਬਾਬੁ ਹੋਰਸੁ ਅਗੇ ਵਜਾਵਣਾ ਨਾਹੀ। ਹਿਕੁ ਨਾਨਕ ਵੇਦੀ ਖਤਰੀ ਹੋਸੀ ਏਹੁ ਰਬਾਬੁ ਉਸ ਦੇ ਅਗੇ ਵਜਾਵਣੀ ਤੂ ਉਸ ਅਗੇ ਵਜਾਵੇ। ਮਰਦਾਨੇ ਏਸ ਦਾ ਮੁਲ ਅਸਲ ਅਸਾਂ ਲੈਣਾ ਨਾਹੀ। ਪਰੁ ਭਾਈ ਚਲੁ ਦੇਖ ਉਹੁ ਨਾਨਕ ਹੈ ਕੇ ਕੋਈ ਹੋਰ ਹੈ। ਤਾਂ ਮਰਦਾਨੇ ਕਹਿਆ ਜੀ ਚਲੋ। ਪਰ ਜੇ ਹੁਕਮ ਹੋਵੇ ਤਾਂ ਮੈਂ ਹਿਕ ਵਾਰੀ ਵਜਾਇ ਦੇਖਾ। ਤਾਂ ਫਿਰੰਦੇ ਕਹਿਆ ਭਾਈ ਹੋਰਬੁ ਅਗੈ ਹੁਕਮੁ ਨਾਹੀ। ਮਰਦਾਨੇ ਕਹਿਆ ਜੀ ਮੈਨੂੰ ਉਸੇ ਨਾਨਕ**

**ਭੇਜਿਆ ਹੈ ਤਾਂ ਫਿਰੰਦੇ ਕਹਿਆ ਭਾਈ ਤੂੰ ਜਾਣੁ। ਨਾਨਕ ਉਸੇ ਭੇਜਿਆ ਹੈ ਵਜਾਇ। ਮਰਦਾਨੇ ਰਬਾਬੁ ਹਥਿ ਲੈ ਕਰਿ ਥਾਟ ਬਣਾਇ ਕੇ ਜਾਂ ਤਾਰ ਵਜਾਈ ਤਾਂ ਅਵਾਜ ਵਿਚੋਂ ਨਿਰੰਕਾਰ ਨਿਰੰਕਾਰ ਹੀ ਆਵੇ। ਅਤੇ ਪਿਛੋ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਹੋਰ ਕਾਈ ਅਵਾਜ ਨਾ ਨਿਕਲੇ। ਤਾਂ ਮਰਦਾਨੇ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਝਬਿ ਚਲੁ। ਫਿਰੰਦਾ ਤੇ ਮਰਦਾਨਾ ਦੋਵੇਂ ਨਾਵੇ ਦਿਨ ਆਇ ਗੁਰੂ ਨਾਨਕ ਪਾਸਿ ਖਲੇ ਹੋਏ, ਰਬਾਬੁ ਆਗੈ ਰਖਿਆ ਅਤੇ ਦੁਹਾਂ ਮਥਾ ਟੇਕਿਆ।**


**------ਗੁਰੂ ਨਾਨਕ ਏਹੁ ਹੁਕਮ ਕੀਤਾ ਮਰਦਾਨੇ ਲੈ ਰਬਾਬੁ ਹਥਿ। ਮਰਦਾਨੇ ਰਬਾਬ ਹਥਿ ਲੀਤਾ, ਲਗਾ ਥਾਟ ਬਜਾਵਣ ਤਾ ਗੁਰੂ ਨਾਨਕ ਹੁਕਮੁ ਕੀਤਾ ਮਰਦਾਨਾ ਝਬ ਹੋਹੁ। ਮਰਦਾਨੇ ਕਹਿਆ ਜੀ ਥਾਟ ਬਣਾਇ ਦੇਵਾਂ ਨਾ। ਤਾਂ ਫਿਰ ਗੁਰੂ ਨਾਨਕ ਹੁਕਮ ਕੀਤਾ ਮਰਦਾਨਾ ਆਪੇ ਹੀ ਬਣ ਜਾਇਗਾ ਝਬੁ ਹੋਹੁ। ਮਰਦਾਨੇ ਹੁਕਮੁ ਮੰਨਿਆ ਆਪੇ ਹੀ ਥਾਟ ਬਣਿ ਗਇਆ। ਲਗਾ ਮਰਦਾਨਾ ਤਾਰ ਵਜਾਵਣ। ਤਾਰ ਵਿਚੋਂ ਏਹ ਅਵਾਜ ਨਿਕਲੇ ਤੂੰ ਹੀ ਨਿਰੰਕਾਰ ਤੂੰ ਹੀ ਨਿਰੰਕਾਰ ਨਾਨਕ ਬੰਦਾ ਤੇਰਾ। ਗੁਰੂ ਨਾਨਕ ਦੀ ਸਮਾਧ ਲਗ ਗਈ। ---ਦੁਇ ਰਾਤੀ ਤੇ ਦੁਇ ਦਿਨ ਸਮਾਧਿ ਲਗੀ ਰਹੀ। ਮਰਦਾਨੇ ਰਬਾਬ ਵਜਾਇਥੇ ਛਡਿ ਦਿਤਾ। ਤੀਸਰਾ ਦਿਨ ਹੂਆ ਤਾਂ ਨਾਨਕ ਗੁਰੂ ਪਲਕਾ ਲਾਹੀਆਂ।**

ਜਦੋਂ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉਚਾਰਨ ਦੀ ਪ੍ਰੇਰਨਾ ਹੁੰਦੀ ਤਾਂ ਉਹ ਕਹਿੰਦੇ : **"ਮਰਦਾਨਿਆ ਰਬਾਬ ਵਜਾਇ।। "** ਭਾਈ ਮਰਦਾਨਾ ਰਬਾਬ ਦੀਆਂ ਸੁਰਾਂ ਛੇੜ ਕੇ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ। ਗੁਰ ਨਾਨਕ ਦੇਵ ਜੀ ਬਾਣੀ ਉਚਾਰਦੇ। ਰਬਾਬ ਨਾਲ ਉਚਾਰੀ ਇਸ ਬਾਣੀ ਦਾ ਸਰੋਤਿਆਂ ਉਤੇ ਵੀ ਅਲੌਕਿਕ ਪ੍ਰਭਾਵ ਪੈਂਦਾ ਸੀ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਰਬਾਬ ਵਾਦਕ ਹੈ ਉਸ ਨੇ ਸਧਾਰਣ ਮਨੁੱਖ ਤੇ ਜਿਗਿਆਸੂ ਵਜੋ ਸਿੱਖ ਧਰਮ ਦੀ ਸਥਾਪਨਾ ਅਤੇ ਪ੍ਰਸਾਰ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਭਾਈ ਮਰਦਾਨੇ ਦਾ ਗੁਰੂ ਨਾਨਕ ਦੇਵ ਜੀ ਨਾਲ ਵਿਸ਼ੇਸ਼ ਲਗਾਉ ਸੀ। ਉਹ ਕਿਸ ਤਰ੍ਹਾਂ ਗੁਰੂ ਸਾਹਿਬ ਦੇ ਨਿਕਟ ਬੈਠ ਕੇ ਕੀਰਤਨ ਕਰਦਾ ਸੀ, ਮਿਹਰਬਾਨ ਵਾਲੀ ਜਨਮ ਸਾਖੀ[28] ਵਿੱਚ ਜ਼ਿਕਰ ਆਉਂਦਾ ਹੈ ਕਿ ਕੀਰਤਨ ਕਰਨ ਸਮੇਂ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਗੋਡੇ ਨਾਲ ਗੋਡਾ ਜੋੜ ਕੇ ਬੈਠਦਾ ਸੀ।

**ਜਾ ਗੁਰੂ ਬਾਬਾ ਸਹਜ ਦੈ ਘਰਿ ਕੀਰਤਨ ਕਰਦਾ ਤਾਂ ਮਰਦਾਨਾ ਖਰਾ ਨਜੀਕਿ ਬਾਬੇ ਨਾਲਿ ਗੋਡਿਅਹੁ ਗੋਠਾ ਕਰਿ ਬੈਠਦਾ।**

ਮਰਦਾਨੇ ਦੇ ਗਾਇਨ ਤੋਂ ਗੁਰੂ ਨਾਨਕ ਕਿਵੇਂ ਖੁਸ਼ ਹੁੰਦੇ ਇਸ ਦਾ ਪਤਾ ਹੋਰ ਸਾਖੀਆਂ ਦੇ ਨਾਲ ਨਾਲ ਮਿਹਰਬਾਨ ਵਾਲੀ ਜਨਮ ਸਾਖੀ[29] ਤੋਂ ਵੀ ਲਗਦਾ ਹੈ- **ਤਬ ਐਸੀ ਆਗਿਆ ਸ੍ਰੀ ਪਾਰਬ੍ਰਹਮ ਕੀ ਭਈ ਜਿ ਏਕ ਦਿਨਿ ਗੁਰੂ ਬਾਬੇ ਨਾਨਕ ਮਰਦਾਨੇ ਰਬਾਬੀ ਕਉ ਕਹਿਆ ਜਿ, ਮਰਦਾਨਿਆ, ਰਬਾਬ ਲੈ, ਤੋ ਅਜੁ ਕਿਤੇ ਇਕੰਤਿ ਜਾਇ ਕੈ ਗੁਜਰਾਨ ਕਰ ਆਈਐ ਇਥੈ ਲੋਕ ਧਿਰ ਧਿਰ ਦੇ ਆਇ ਝਬਦੇ ਹੈਨਿ, ਸ਼ਬਦ ਨਾਲਿ ਪਰਚਣ ਦੇਂਦੇ ਨਾਹੀ। ਅਖੈ ਜੀ ਭਲਾ। ਤਬ ਗੁਰੂ ਬਾਬਾ ਨਾਨਕੁ ਜੀ ਮਰਦਾਨੇ ਨੋ ਸਾਥਿ ਲੈ**


For further information and requisition of
contents from this Book visit the link
Requisition form of the main menu